ਡਾਇਰੈਕਟੋਰੇਟ ਸਕੂਲ ਐਜੂਕੇਸ਼ਨ (ਸੈਕੰਡਰੀ), ਪੰਜਾਬ।
ਐਟ ਪੰ.ਸ.ਸਿੱ.ਬੋਰਡ ਕੰਪਲੈਕਸ, ਫੇਜ਼-VIII, ਐਸ.ਏ.ਐਸ. ਨਗਰ।
(ਕੋਆਰਡੀਨੇਸ਼ਨ ਸ਼ਾਖਾ)
(email. dgsecoordination@punjabeducation.gov.in)

ਸੇਵਾ ਵਿਖੇ

ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈਸਿ), ਪੰਜਾਬ।

ਮੀਮੋ ਨੰ. 437002/DPISE/2023/2/Co/202497726
ਮਿਤੀ: 19-04-2024

ਵਿਸ਼ਾ:- ਅੰਗਹੀਣ ਸਰਟੀਫਿਕੇਟਾਂ ਦੀ ਜਾਂਚ ਕਰਵਾਉਣ ਸਬੰਧੀ।
ਹਵਾਲਾ: ਇਸ ਦਫਤਰ ਦਾ ਪੱਤਰ ਨੰ. 437002/DPISE/2023/2/Co/202479420 ਮਿਤੀ 21.03.2024.

1.0 ਉਪਰੋਕਤ ਵਿਸ਼ੇ ਤੇ ਹਵਾਲਾ ਅਧੀਨ ਪੱਤਰ ਰਾਹੀਂ ਦਿਵਿਆਗ ਅਧਿਕਾਰੀਆਂ/ਕਮਰਚਾਰੀਆਂ ਦਾ ਮੈਡੀਕਲ ਮੁਆਇੰਨਾ/ਸਰਟੀਫਿਕੇਟਾਂ ਦੀ ਜਾਂਚ ਸਮਾਜਿਕ ਸੁਰੱਖਿਆ ਵਿਭਾਗ ਵੱਲੋਂ ਸਥਾਪਿਤ ਕੀਤੇ ਗਏ ਬੋਰਡ ਤੋਂ ਕਰਵਾਕੇ ਰਿਪੋਰਟ ਮੰਗੀ ਗਈ ਸੀ।

2.0 ਹੁਣ ਸਮਾਜਿਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ ਵਿਭਾਗ ਰਾਹੀਂ ਪੱਤਰ ਨੰ. SSWCD/-10/218/2022-5DC/72 ਮਿਤੀ 10.04.2024 ਰਾਹੀਂ ਮੈਡੀਕਲ ਮੁਆਇੰਨਾ/ਸਰਟੀਫਿਕੇਟਾਂ ਦੀ ਜਾਂਚ ਪ੍ਰਕਿਰਿਆ ਤੇ ਰੋਕ ਲਗਾ ਦਿੱਤੀ ਗਈ ਹੈ। ਪੱਤਰ ਦੀ ਕਾਪੀ ਆਪ ਨੂੰ ਯੋਗ ਕਾਰਵਾਈ ਹਿੱਤ ਭੇਜੀ ਜਾਂਦੀ ਹੈ।

3.0 ਹਵਾਲਾ ਅਧੀਨ ਪੱਤਰ ਤੇ ਹਾਲ ਦੀ ਘੜੀ ਕਿਸੇ ਵੀ ਕਾਰਵਾਈ ਦੀ ਜਰੂਰਤ ਨਹੀਂ ਹੈ।

18.04.24

ਸਹਾਇਕ ਡਾਇਰੈਕਟਰ (ਕੋਆਰਡੀਨੇਸ਼ਨ)

ਪਿੱ.ਅੰ.ਨੰ.ਉਕਤ/202497727-31 ਮਿਤੀ 19-04-2024

ਉਤਾਰਾ ਹੇਠ ਲਿਖਿਆ ਨੂੰ ਭੇਜਕੇ ਲਿਖਿਆ ਜਾਂਦਾ ਹੈ ਕਿ ਉਕਤ ਅਨੁਸਾਰ ਕਾਰਵਾਈ ਕਰਨੀ ਯਕੀਨੀ ਬਣਾਈ ਜਾਵੇ:-

1. ਸਕੱਤਰ, ਪੰਜਾਬ ਸਕੂਲ ਸਿੱਖਿਆ ਬੋਰਡ।
2. ਪੀ.ਏ./ਡਾਇਰੈਕਟਰ ਸਕੂਲ ਐਜੂਕੇਸ਼ਨ (ਐਲੀਮੈਂਟਰੀ), ਪੰਜਾਬ।
3. ਪੀ.ਏ./ਡਾਇਰੈਕਟਰ ਐਸ.ਸੀ.ਈ.ਆਰ.ਟੀ. ,ਪੰਜਾਬ।
4. ਡਿਪਟੀ ਐਸ.ਪੀ.ਡੀ. (ਪੀ.ਈ.ਡੀ.ਬੀ., ਐਡਮਿਨ ਅਤੇ ਆਈ.ਸੀ.ਟੀ.), ਸਹਾਇਕ ਪ੍ਰੋਜੈਕਟ ਡਾਇਰੈਕਟਰ (ਮੈਰੀਟੋਰੀਅਸ), ਜੀ.ਐਮ. (ਮਿਡ-ਡੇ-ਮੀਲ)
5. ਸਹਾਇਕ ਡਾਇਰੈਕਟਰ (ਸੇਵਾਵਾਂ-3) ਅਤੇ ਰਜਿਸਟਰਾਰ ਸਿੱਖਿਆ ਵਿਭਾਗ।

18.04.24

ਸਹਾਇਕ ਡਾਇਰੈਕਟਰ (ਕੋਆਰਡੀਨੇਸ਼ਨ)

**ਪੰਜਾਬ ਸਰਕਾਰ**
**ਸਿੱਖਿਆ ਵਿਭਾਗ**
**(ਸਿੱਖਿਆ- 6 ਸ਼ਾਖਾ)**

ਸੇਵਾ ਵਿਖੇ,

1. ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ ਮੋਹਾਲੀ।
2. ਡਾਇਰੈਕਟਰ, ਸਿੱਖਿਆ ਵਿਭਾਗ (ਸੈ:ਸਿੱ), ਪੰਜਾਬ ਮੋਹਾਲੀ।
3. ਡਾਇਰੈਕਟਰ, ਐਸ.ਸੀ.ਈ.ਆਰ.ਟੀ., ਪੰਜਾਬ ਮੋਹਾਲੀ।
4. ਸਕੱਤਰ ,ਪੰਜਾਬ ਸਕੂਲ ਸਿੱਖਿਆ ਬੋਰਡ, ਮੋਹਾਲੀ।
5. ਡਾਇਰੈਕਟਰ, ਸਿੱਖਿਆ ਵਿਭਾਗ (ਐ:ਸਿੱ), ਪੰਜਾਬ ਮੋਹਾਲੀ।

ਮੀਮੋ ਨੰ: SED-EDU6011/18/2024-5EDU6 / 822538
ਮਿਤੀ, ਚੰਡੀਗੜ੍ਹ:- 15.04.24

ਵਿਸ਼ਾ:- ਅਨੁਸੂਚਿਤ ਜਾਤੀਆਂ, ਅਨੁਸੂਚਿਤ ਕਬੀਲਿਆ ਅਤੇ ਪੱਛੜੀਆਂ ਸ਼੍ਰੇਣੀਆਂ ਦੀ ਭਲਾਈ ਲਈ ਕਮੇਟੀ ਦੀ ਹੋਈ ਮੀਟਿੰਗ ਦੀ ਕਾਰਵਾਈ ਵਿੱਚੋਂ ਟੂਕ ਭੇਜਣ ਬਾਰੇ-ਅੰਗਹੀਣ ਸਰਟੀਫਿਕੇਟਾਂ ਦੀ ਜਾਂਚ ਕਰਵਾਉਣ ਸਬੰਧੀ।

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ।

2. ਵਿਸ਼ੇ ਅੰਕਿਤ ਮਾਮਲੇ ਸਬੰਧੀ ਆਪ ਜੀ ਨੂੰ ਅਧੀਨ ਸਕੱਤਰ, ਡਿਸਏਬਿਲਟੀ ਸੈੱਲ, ਸਮਾਜਿਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ ਵਿਭਾਗ ਵੱਲੋਂ ਪੱਤਰ ਨੰ.72 ਮਿਤੀ 10.04.2024 ਰਾਹੀਂ ਪ੍ਰਾਪਤ ਪੱਤਰ ਦੀ ਕਾਪੀ ਇੰਨ-ਬਿੰਨ ਪਾਲਣਾ ਹਿੱਤ ਭੇਜੀ ਜਾਂਦੀ ਹੈ।

ਸੁਪਰਡੰਟ

ਪੰ.ਵਿ.ਪੰ.ਨੰ. SED-EDU6011/18/2024-5EDU6 / 822538/1 ਮਿਤੀ, ਚੰਡੀਗੜ੍ਹ: 15.04.24

ਉਪਰੋਕਤ ਦਾ ਇੱਕ ਉਤਾਰਾ ਸਕੂਲ ਸਿੱਖਿਆ ਦੀ ਸਮੂਹ ਸ਼ਾਖਾਵਾਂ (ਸ਼ਾਖਾ-2,3,4,5 ਅਤੇ 7) ਨੂੰ ਇੰਨ-ਬਿੰਨ ਪਾਲਣਾ ਹਿੱਤ ਭੇਜਿਆ ਜਾਂਦਾ ਹੈ:-

ਸੁਪਰਡੰਟ

**ਪੰਜਾਬ ਸਰਕਾਰ**
**ਸਮਾਜਿਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ ਵਿਭਾਗ**
**(ਡਿਸਏਬਿਲਟੀ ਸੈੱਲ)**

**ਵਿਸ਼ਾ:-** **ਅਨੁਸੂਚਿਤ ਜਾਤੀਆਂ, ਅਨੁਸੂਚਿਤ ਕਬੀਲਿਆਂ ਅਤੇ ਪੱਛੜੀਆਂ ਸ਼੍ਰੇਣੀਆਂ ਦੀ ਭਲਾਈ ਲਈ ਕਮੇਟੀ ਦੀ ਹੋਈ ਮੀਟਿੰਗ ਦੀ ਕਾਰਵਾਈ ਵਿੱਚੋਂ ਨੁਕ ਭੇਜਣ ਬਾਰੇ-ਅੰਗਹੀਣ ਸਰਟੀਫਿਕੇਟਾਂ ਦੀ ਜਾਂਚ ਕਰਵਾਉਣ ਸਬੰਧੀ।**

********

ਸਮੂਹ ਵਿਭਾਗਾਂ ਦੇ ਪ੍ਰਬੰਧਕੀ ਸਕੱਤਰ, ਪੰਜਾਬ ਸਰਕਾਰ, ਕ੍ਰਿਪਾ ਕਰਕੇ ਉਪਰੋਕਤ ਵਿਸ਼ੇ ਤੇ ਇਸ ਵਿਭਾਗ ਦੇ ਅ.ਸ.ਪ.ਨੰ.SSWCD-10/218/2022-5DC/777043, ਮਿਤੀ 07.02.2024 ਵੱਲ ਧਿਆਨ ਦੇਣ ਦੀ ਖੇਚਲ ਕਰਨ ਜੀ।

2. ਹਵਾਲਾ ਅਧੀਨ ਪੱਤਰ ਰਾਹੀਂ ਡਾਇਰੈਕਟਰ, ਮੈਡੀਕਲ ਸਿੱਖਿਆ ਅਤੇ ਖੋਜ, ਪੰਜਾਬ ਵੱਲੋਂ ਪੱਤਰ ਨੰ. 3ਐਮ.ਈ.2.ਪੰ/2023/13583, ਮਿਤੀ 26.09.2023 ਰਾਹੀਂ ਗਠਿਤ ਕੀਤੇ ਮੈਡੀਕਲ ਬੋਰਡਾਂ ਦੀ ਸੂਚਨਾ ਭੇਜਦੇ ਹੋਏ ਬੇਨਤੀ ਕੀਤੀ ਗਈ ਸੀ ਕਿ ਆਪ ਦੇ ਵਿਭਾਗ ਅਤੇ ਉਨ੍ਹਾਂ ਦੇ ਅਧੀਨ ਆਉਂਦੇ ਬੋਰਡਾਂ/ਕਾਰਪੋਰੇਸ਼ਨਾਂ/ਅਦਾਰਿਆਂ ਵਿਚ ਕੰਮ ਕਰਦੇ ਸਮੂਹ ਦਿਵਿਆਂਗ ਅਧਿਕਾਰੀਆਂ/ਕਰਮਚਾਰੀਆਂ ਦਾ ਮੈਡੀਕਲ ਮੁਆਇਨਾ/ਅੰਗਹੀਣ ਸਰਟੀਫਿਕੇਟ ਦੀ ਜਾਂਚ ਇਨ੍ਹਾਂ ਮੈਡੀਕਲ ਬੋਰਡਾਂ ਪਾਸੋਂ ਕਰਵਾਈ ਜਾਵੇ ਅਤੇ ਉਸ ਉਪਰੰਤ ਉਨ੍ਹਾਂ ਸਬੰਧੀ ਰਿਪੋਰਟ ਪ੍ਰਬੰਧਕੀ ਵਿਭਾਗ ਦੇ ਪੱਧਰ ਤੇ ਸੰਕਲਿਤ ਕਰਕੇ ਜਲਦੀ ਤੋਂ ਜਲਦੀ ਇਸ ਵਿਭਾਗ ਨੂੰ ਭਿਜਵਾਉਣ ਦੀ ਖੇਚਲ ਕੀਤੀ ਜਾਵੇ।

3. ਇਸ ਸਬੰਧ ਵਿਚ ਦਿਵਿਆਂਗਜਨਾਂ ਦੀ ਭਲਾਈ ਲਈ ਕੰਮ ਕਰ ਰਹੀਆਂ ਸੰਸਥਾਵਾਂ ਅਤੇ ਦਿਵਿਆਂਗ ਅਧਿਕਾਰੀਆਂ/ਕਰਮਚਾਰੀਆਂ ਵੱਲੋਂ ਪ੍ਰਤੀਬੇਨਤੀਆਂ ਪ੍ਰਾਪਤ ਹੋ ਰਹੀਆਂ ਹਨ ਕਿ ਦਿਵਿਆਂਗ ਅਧਿਕਾਰੀਆਂ/ਕਰਮਚਾਰੀਆਂ ਨੂੰ ਮੈਡੀਕਲ ਮੁਆਇਨੇ ਕਰਵਾਉਣ ਵਿਚ ਕਾਫੀ ਮੁਸ਼ਕਿਲ ਪੇਸ਼ ਆ ਰਹੀ ਹੈ, ਕਿਉਂਜੋ ਮੈਡੀਕਲ ਬੋਰਡ ਕੇਵਲ 4 ਜਿਲ੍ਹਿਆਂ ਵਿਚ ਹੀ ਸਥਾਪਿਤ ਹਨ। ਇਸ ਤੋਂ ਇਲਾਵਾ ਅਧਿਕਾਰੀਆਂ/ਕਰਮਚਾਰੀਆਂ ਦੀਆਂ ਚੋਣਾਂ ਵਿਚ ਡਿਊਟੀਆਂ ਲੱਗਣ ਕਾਰਨ ਵਿਭਾਗਾਂ ਵਿਚ ਅਧਿਕਾਰੀਆਂ/ਕਰਮਚਾਰੀਆਂ ਦੀ ਘਾਟ ਸਾਹਮਣੇ ਆਈ ਹੈ।

4. ਉਕਤ ਦੇ ਸਨਮੁੱਖ ਇਸ ਮਾਮਲੇ ਤੇ ਮੁੜ ਵਿਚਾਰ ਕਰਦੇ ਹੋਏ ਫੈਸਲਾ ਲਿਆ ਗਿਆ ਹੈ ਕਿ ਹਾਲ ਦੀ ਘੜੀ ਇਸ ਪ੍ਰਕਿਰਿਆ ਨੂੰ ਰੋਕ ਲਿਆ ਜਾਵੇ, ਤਾਂ ਜੋ ਦਿਵਿਆਂਗਜਨਾਂ ਦੀ ਸਹੂਲਤ ਲਈ ਇਸ ਪ੍ਰਕਿਰਿਆ ਨੂੰ ਹੋਰ ਸੁਖਾਲਾ ਕਰਨ ਲਈ ਸਬੰਧਤ ਵਿਭਾਗਾਂ ਨਾਲ ਤਾਲਮੇਲ ਕਰਕੇ ਇਸ ਸਬੰਧੀ ਹੋਰ ਪੁਖਤਾ ਇੰਤਜਾਮ ਕਰਵਾਏ ਜਾ ਸਕਣ।

(ਭੁਪਿੰਦਰ ਕੌਰ)
ਅਧੀਨ ਸਕੱਤਰ

ਸੇਵਾ ਵਿਖੇ

ਸਮੂਹ ਵਿਭਾਗਾਂ ਦੇ ਪ੍ਰਬੰਧਕੀ ਸਕੱਤਰ,
ਪੰਜਾਬ ਸਰਕਾਰ।

ਅ:ਸ:ਪ:ਨੰ:SSWCD-10/218/2022-5DC/ 72

ਮਿਤੀ, ਚੰਡੀਗੜ੍ਹ: 10-4-2024

ਪਿੰ:ਅੰ:ਨੰ: SSWCD-10/218/2022-SDC/ 73 ਮਿਤੀ, ਚੰਡੀਗੜ੍ਹ: 10.4.2024

ਉਪਰੋਕਤ ਦਾ ਇੱਕ ਉਤਾਰਾ ਡਾਇਰੈਕਟਰ, ਖੋਜ ਅਤੇ ਮੈਡੀਕਲ ਸਿੱਖਿਆ, ਪੰਜਾਬ ਦੇ ਪੱਤਰ ਨੰ:3ਐਮ.ਈ.2.ਪੰ/2023/13583 ਮਿਤੀ 26.09.2023 ਦੇ ਹਵਾਲੇ ਵਿੱਚ ਭੇਜਦੇ ਹੋਏ ਲਿਖਿਆ ਜਾਂਦਾ ਹੈ ਕਿ ਇਸ ਪੱਤਰ ਵਿਚ ਦਰਸਾਏ ਗਏ ਮੈਡੀਕਲ ਬੋਰਡਾਂ ਨੂੰ ਇਸ ਪ੍ਰਕਿਰਿਆ ਨੂੰ ਹਾਲ ਦੀ ਘੜੀ ਰੋਕੇ ਜਾਣ ਸਬੰਧੀ ਜਾਣੂ ਕਰਵਾ ਦਿੱਤਾ ਜਾਵੇ।

ਭੁਪਿੰਦਰ ਕੌਰ

(ਭੁਪਿੰਦਰ ਕੌਰ)

ਅਧੀਨ ਸਕੱਤਰ

ਪਿੰ:ਅੰ:ਨੰ: SSWCD-10/218/2022-SDC/ 74 ਮਿਤੀ, ਚੰਡੀਗੜ੍ਹ: 10.4.2024

ਉਪਰੋਕਤ ਦਾ ਇੱਕ ਉਤਾਰਾ ਅਧੀਨ ਸਕੱਤਰ, ਪੰਜਾਬ ਵਿਧਾਨ ਸਭਾ ਸਕੱਤਰੇਤ (ਭਲਾਈ ਕਮੇਟੀ ਸ਼ਾਖਾ) ਨੂੰ ਉਨ੍ਹਾਂ ਦੇ ਪੱਤਰ ਨੰ: 12-ਭ.ਕ.ਸ./2022-23/13902 ਮਿਤੀ 09-09-2022 ਦੇ ਹਵਾਲੇ ਵਿੱਚ ਸੂਚਨਾ ਹਿੱਤ ਭੇਜਿਆ ਜਾਂਦਾ ਹੈ।

ਭੁਪਿੰਦਰ ਕੌਰ

(ਭੁਪਿੰਦਰ ਕੌਰ)

ਅਧੀਨ ਸਕੱਤਰ